# ਦਫ਼ਤਰ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ

01823-221301 (ਦਫ਼ਤਰ), 01823-226426 (ਫੈਕਸ), dc.nsr@punjab.gov.in (ਈ-ਮੇਲ)

(ਫੁੱਟਕਲ ਸ਼ਾਖਾ)

ਹੁਕਮ:-

ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਪ੍ਰਾਪਤ ਪੱਤਰ ਨੰਬਰ ਆਈ.ਡੀ.ਐਸ.ਪੀ./2020/Spl-309 ਮਿਤੀ 24-09-2020 ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੋਵਿਡ-19 ਸਬੰਧੀ ਗਠਿਤ ਕੀਤੀ ਗਈ ਜ਼ਿਲ੍ਹਾ ਟੈਕਨੀਕਲ ਕਮੇਟੀ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪ੍ਰਾਪਤ ਹੋਈ ਸ਼ਿਫਾਰਸ਼ ਰਿਪੋਰਟ ਪਿੱਠ ਅੰਕਣ ਨੰਬਰ 1400/ਰੀਡਰ ਏ.ਡੀ.ਸੀ. (ਜ) ਮਿਤੀ 25-09-2020 ਨੂੰ ਮੁੱਖ ਰੱਖਦੇ ਹੋਏ ਇਸ ਦਫ਼ਤਰ ਦੇ ਹੁਕਮ ਪਿੱਠ ਅੰਕਣ ਨੰ: 8922-36/ਐਮ.ਏ./ਕੋਵਿਡ-19 ਮਿਤੀ 25-09-2020 ਰਾਹੀਂ ਪ੍ਰੇਮ ਨਗਰ, ਤਹਿਸੀਲ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਨਕਸ਼ੇ ਵਿੱਚ ਦਰਸਾਏ ਗਏ ਏਰੀਏ ਨੂੰ Micro Containment Zone ਘੋਸ਼ਿਤ ਕੀਤਾ ਗਿਆ ਸੀ।

ਹੁਣ ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਆਪਣੇ ਦਫ਼ਤਰ ਦੇ ਪੱਤਰ ਨੰਬਰ ਆਈ.ਡੀ.ਐਸ.ਪੀ.2020/369 ਮਿਤੀ 08-10-2020 ਅਤੇ ਕੋਵਿਡ-19 ਸਬੰਧੀ ਗਠਿਤ ਕੀਤੀ ਜ਼ਿਲ੍ਹਾ ਟੈਕਨੀਕਲ ਕਮੇਟੀ, ਸ਼ਹੀਦ ਭਗਤ ਸਿੰਘ ਵੱਲੋਂ ਪਿੱਠ ਅੰਕਣ ਨੰਬਰ 1459/ਰੀਡਰ/ਏ.ਡੀ.ਸੀ. (ਜ) ਮਿਤੀ 08-10-2020 ਰਾਹੀਂ ਇਸ ਦਫ਼ਤਰ ਨੂੰ ਲਿਖਿਆ ਹੈ ਕਿ ਮਿਤੀ 01-10-2020 ਤੋਂ ਪ੍ਰੇਮ ਨਗਰ ਤਹਿਸੀਲ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਲਗਾਤਾਰ ਸਕਰੀਨਿੰਗ ਕਰਨ ਉਪਰੰਤ ਹੋਰ ਕੋਈ ਵੀ ਕੋਵਿਡ-19 ਦਾ ਕੇਸ ਰਿਪੋਰਟ ਨਹੀਂ ਹੋਇਆ ਹੈ। ਸਰਕਾਰ ਦੀਆਂ ਗਾਇਡਲਾਈਨਾਂ ਅਨੁਸਾਰ 10 ਦਿਨਾਂ ਬਾਅਦ Micro Containment Zone ਨੂੰ ਖੋਲ੍ਹਣਾ ਬਣਦਾ ਹੈ। ਇਸ ਲਈ ਹੁਣ ਪ੍ਰੇਮ ਨਗਰ ਤਹਿਸੀਲ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਖੋਲ੍ਹਣ ਦੀ ਸ਼ਿਫਾਰਿਸ਼ ਸਹਿਤ ਤਜਵੀਜ਼ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਪੱਤਰ ਨੰਬਰ ਆਈ.ਡੀ.ਐਸ.ਪੀ.2020/369 ਮਿਤੀ 08-10-2020 ਅਤੇ ਕੋਵਿਡ-19 ਸਬੰਧੀ ਗਠਿਤ ਜ਼ਿਲ੍ਹਾ ਟੈਕਨੀਕਲ ਕਮੇਟੀ, ਸ਼ਹੀਦ ਭਗਤ ਸਿੰਘ ਨਗਰ ਵਲੋਂ ਪਿੱਠ ਅੰਕਣ ਨੰਬਰ 1459/ਰੀਡਰ/ਏ.ਡੀ.ਸੀ. (ਜ) ਮਿਤੀ 08-10-2020 ਰਾਹੀਂ ਪ੍ਰਾਪਤ ਹੋਈਆਂ ਸ਼ਿਫਾਰਿਸ਼ ਰਿਪੋਰਟਾਂ ਨੂੰ ਮੁੱਖ ਰੱਖਦੇ ਹੋਏ ਪ੍ਰੇਮ ਨਗਰ, ਤਹਿਸੀਲ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਨਕਸ਼ੇ ਵਿੱਚ ਦਰਸਾਏ ਗਏ ਏਰੀਏ ਨੂੰ **ਮਿਤੀ 08-10-2020 ਤੋਂ Micro Containment Zone ਤੋਂ ਮੁਕਤ ਕੀਤਾ ਜਾਂਦਾ ਹੈ।**

ਡਿਪਟੀ ਕਮਿਸ਼ਨਰ,
ਸ਼ਹੀਦ ਭਗਤ ਸਿੰਘ ਨਗਰ।

ਪਿੱਠ-ਅੰਕਣ ਨੰਬਰ: 9220-35 /M.A/COVID-19 ਮਿਤੀ 08-10-2020

ਇਸ ਦਾ ਇੱਕ ਉਤਾਰਾ ਨਿਮਨ-ਲਿਖਤ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ।
4. ਸਟੇਟ ਕੋਵਿਡ-19 ਕੰਟਰੋਲ ਰੂਮ, ਪੰਜਾਬ, ਚੰਡੀਗੜ੍ਹ।

Scanned by CamScanner

5. ਵਿਸ਼ੇਸ਼ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
6. ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
7. ਡਾ. ਰਾਜੇਸ਼ ਭਾਸਕਰ, Epidemiologist, DHS.
8. ਕਮਿਸ਼ਨਰ, ਰੂਪਨਗਰ ਮੰਡਲ, ਰੂਪਨਗਰ।
9. ਸੀਨੀਅਰ ਪੁਲਿਸ ਕਪਤਾਨ, ਸ਼ਹੀਦ ਭਗਤ ਸਿੰਘ ਨਗਰ।
10. ਵਧੀਕ ਡਿਪਟੀ ਕਮਿਸ਼ਨਰ (ਜ), ਸ਼ਹੀਦ ਭਗਤ ਸਿੰਘ ਨਗਰ।
11. ਉਪ ਮੰਡਲ ਮੈਜਿਸਟਰੇਟ, ਬਲਾਚੌਰ।
12. ਨੋਡਲ ਅਫ਼ਸਰ/ਮੈਂਬਰ ਕਨਵੀਨਰ/ਮੈਂਬਰ ਜ਼ਿਲ੍ਹਾ ਪਲੈਨਿੰਗ ਕਮੇਟੀ (ਕੋਵਿਡ-19 ਸਬੰਧੀ), ਸ਼ਹੀਦ ਭਗਤ ਸਿੰਘ ਨਗਰ।
13. ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਨੂੰ ਉਹਨਾਂ ਦੇ ਦਫ਼ਤਰ ਦੇ ਪੱਤਰ ਨੰ: ਆਈ.ਡੀ.ਐਸ.ਪੀ.2020/369 ਮਿਤੀ 08-10-2020 ਦੇ ਸਬੰਧ ਵਿੱਚ।
14. D.I.O. NIC, ਸ਼ਹੀਦ ਭਗਤ ਸਿੰਘ ਨਗਰ।

ਡਿਪਟੀ ਕਮਿਸ਼ਨਰ,
ਸ਼ਹੀਦ ਭਗਤ ਸਿੰਘ ਨਗਰ।

Scanned by CamScanner




Dr Pushpinder

24/9/20.

Scanned by CamScanner